# COVID-19 Vaccination Programme

10.12.2020

ਪਿਆਰੀਆਂ ਬਰਾਦਰੀ ਟੀਮਾਂ ਲਈ,

ਕੋਵਿਡ-19 ਨਾਲ ਜੁੜੇ ਸੁਨੇਹਿਆਂ ਦੇ ਨਾਲ ਸਾਡੀ ਮਦਦ ਕਰਨ ਲਈ ਅਤੇ ਸਾਡੀਆਂ ਬਰਾਦਰੀਆਂ ਨੂੰ ਸੁਰੱਖਿਅਤ ਰਹਿਣ ਲਈ ਕੀ ਕੁਝ ਚਾਹੀਦਾ ਹੈ, ਵਿੱਚ ਇੱਕ ਮੁੱਖ ਲੜੀ ਬਣਨ ਲਈ, ਤੁਹਾਡੇ ਸਾਰੇ ਕੰਮ ਵਾਸਤੇ ਤੁਹਾਡਾ ਧੰਨਵਾਦ।

ਹੇਠ ਲਿਖੇ ਨੋਟਸ ਤੁਹਾਨੂੰ ਕੋਵਿਡ ਵੈਕਸੀਨ ਦੇ ਸਬੰਧ ਵਿੱਚ ਅਤੇ ਮਾਨਚੈਸਟਰ ਦੇ ਲੋਕਾਂ ਲਈ ਇਸਦਾ ਕੀ ਮਤਲਬ ਹੈ, ਇਸ ਬਾਰੇ ਸੰਖੇਪ ਜਾਣਕਾਰੀ ਦੇਣ ਲਈ ਤਿਆਰ ਕੀਤੇ ਗਏ ਹਨ।

ਇਸ ਵਿੱਚ ਸਾਡੇ ਜਨਤਕ ਸਿਹਤ ਨਿਰਦੇਸ਼ਕ, ਡੇਵਿਡ ਰੇਗਾਨ ਵਲੋਂ ਅਜਿਹੇ ਕੁਝ ਸਵਾਲਾਂ ਜਾਂ ਚਿੰਤਾਵਾਂ ਜਿਹਨਾਂ ਬਾਰੇ ਅਸੀਂ ਮਾਨਚੈਸਟਰ ਵਿੱਚ ਸੁਣਿਆ ਹੈ, ਦੀ ਪ੍ਰਤੀਕਿਰਿਆ ਵਿੱਚ ਦਿੱਤੇ ਗਏ ਜਵਾਬ ਸ਼ਾਮਲ ਹਨ। ਇਹ ਜਵਾਬ, ਜਦੋਂ ਤੁਸੀਂ ਆਂਢ-ਗੁਆਂਢ ਦੇ ਲੋਕਾਂ ਨਾਲ ਮਿਲਕੇ ਗੱਲਬਾਤ ਕਰਦੇ ਹੋ, ਦੇ ਅਭਿਆਸਾਂ ਲਈ ਪ੍ਰੌਂਪਟਾਂ ਵਜੋਂ ਲਿਖੇ ਗਏ ਹਨ।

ਇਹ ਯਾਦ ਰੱਖਣਾ ਵੀ ਮਹੱਤਵਪੂਰਨ ਹੈ ਕਿ ਵੈਕਸੀਨ ਵਾਇਰਸ ਦੇ ਫੈਲਾਅ ਨੂੰ ਰੋਕਣ ਵਿੱਚ ਮਦਦ ਲਈ 3-ਢੰਗੀ ਯੋਜਨਾ ਦਾ ਹਿੱਸਾ ਹੈ-ਜਾਂਚ ਕਰਨ ਅਤੇ ਸਫ਼ਾਈ, ਸਮਾਜਕ ਦੂਰੀ ਅਤੇ ਫੇਸ ਕਵਰਿੰਗਸ ਨਾਲ ਸਬੰਧਤ ਮੁੱਖ ਕੋਵਿਡ ਨਿਯਮਾਂ ਦੇ ਵੀ ਸਮੇਤ।

**ਪਿਛੋਕੜ:**

ਮੰਗਲਵਾਰ 8 ਦਸੰਬਰ ਤੋਂ, NHS ਨੇ ਪੂਰੇ ਇੰਗਲੈਂਡ ਦੇ 50 ਹਸਪਤਾਲ ਸਥਾਨਾਂ ਵਿੱਚ ਮਰੀਜ਼ਾਂ ਨੂੰ ਕੋਰੋਨਾਵਾਇਰਸ ਦੇ ਖਿਲਾਫ਼ ਵੈਕਸੀਨ ਲਗਾਉਣਾ ਸ਼ੁਰੂ ਕੀਤਾ।

80 ਸਾਲ ਅਤੇ ਵੱਡੀ ਉਮਰ ਦੇ ਲੋਕਾਂ ਦੇ ਨਾਲ-ਨਾਲ ਦੇਖਭਾਲ ਕਰਨ ਵਾਲੇ ਘਰੇਲੂ ਕਰਮਚਾਰੀ, ਅਤੇ ਇਹਨਾਂ ਦੇ ਨਾਲ ਅਜਿਹੇ NHS ਕਰਮਚਾਰੀ ਜਿਹਨਾਂ ਨੂੰ ਉੱਚ ਜੋਖਮ ਹੁੰਦਾ ਹੈ, ਕੋਵਿਡ-19 ਟੀਕਾਕਰਨ ਪ੍ਰਾਪਤ ਕਰਨ ਵਾਲੇ ਪਹਿਲੇ ਲੋਕ ਹੋਣਗੇ।

ਇਸ ਤੋਂ ਬਾਅਦ, ਦੂਜੇ ਪ੍ਰਾਥਮਿਕਤਾ ਸਮੂਹ ਉਮਰ ਅਤੇ ਸੰਭਾਵੀ ਜੋਖਮ ਦੀ ਤਰਤੀਬ ਵਿੱਚ ਆਉਣਗੇ।

ਇਸ ਖ਼ਬਰ ਦਾ ਦਿਲੋਂ ਸਵਾਗਤ ਕੀਤਾ ਜਾਂਦਾ ਹੈ ਕਿਉਂਕਿ ਵੈਕਸੀਨ ਨੂੰ ਲਗਵਾਉਣਾ, ਸਭ ਤੋਂ ਜ਼ਿਆਦਾ ਅਸੁਰੱਖਿਅਤ ਵਿਅਕਤੀਆਂ ਨੂੰ ਕੋਰੋਨਾਵਾਇਰਸ ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹਏਗਾ ਅਤੇ ਇਸ ਵਿੱਚ ਕਈ ਹਜ਼ਾਰ ਜ਼ਿੰਦਗੀਆਂ ਨੂੰ ਬਚਾਉਣ ਦੀ ਸਮਰੱਥਾ ਹੁੰਦੀ ਹੈ।

**ਮਾਨਚੈਸਟਰ ਵਿਚਲੇ ਹਸਪਤਾਲਾਂ ਤੋਂ ਟੀਕੇ ਲਗਾਉਣ ਦਾ ਕੰਮ**

ਮਾਨਚੈਸਟਰ ਵਿੱਚ ਸਾਡੇ ਲਈ, 80 ਸਾਲ ਅਤੇ ਵੱਡੀ ਉਮਰ ਦੇ ਲੋਕ ਜੋ ਪਹਿਲਾਂ ਹੀ ਬਾਹਰੀ ਮਰੀਜ਼ਾਂ ਵਜੋਂ ਸੈਲਫੋਰਡ ਰੋਏਲ ਹਸਪਤਾਲ ਜਾਂ ਸਟੇਪਿੰਗ ਹਿੱਲ ਹਸਪਤਾਲ ਜਾ ਰਹੇ ਹਨ, ਅਤੇ ਜਿਹਨਾਂ ਨੂੰ ਹਸਪਤਾਲ ਰੁਕਣ ਤੋਂ ਬਾਅਦ ਘਰ ਲਈ ਛੁੱਟੀ ਦਿੱਤੀ ਜਾ ਰਹੀ ਹੈ, ਉਹ ਕੋਵਿਡ-19 ਵੈਕਸੀਨ ਪ੍ਰਾਪਤ ਕਰਨ ਵਾਲੇ ਪਹਿਲੇ ਲੋਕਾਂ ਵਿੱਚ ਹੋਣਗੇ। ਜਿਹੜੇ ਲੋਕਾਂ ਨੂੰ ਵੈਕਸੀਨ ਦਿੱਤਾ ਜਾਂਦਾ ਹੈ, ਉਹ ਤਕਰੀਬਨ 21 ਦਿਨਾਂ ਬਾਅਦ ਦੂਜਾ ਬੂਸਟਰ ਜੈਬ ਪ੍ਰਾਪਤ ਕਰਨਗੇ।

ਜਿਵੇਂ-ਜਿਵੇਂ ਟੀਕੇ ਲਗਾਉਣ ਦਾ ਪ੍ਰੋਗਰਾਮ ਤਰੱਕੀ ਕਰੇਗਾ, ਹੋਰ ਜ਼ਿਆਦਾ ਹਸਪਤਾਲ ਆਉਣ ਵਾਲੇ ਦਿਨਾਂ ਵਿੱਚ ਟੀਕੇ ਲਗਾਉਣ ਦਾ ਕੰਮ ਸ਼ੁਰੂ ਕਰਨਗੇ। ਇਸ ਵਿੱਚ ਮਾਨਚੈਸਟਰ ਰੋਏਲ ਇਨਫਰਮਰੀ ਸ਼ਾਮਲ ਹਏਗੀ।

**ਮਾਨਚੈਸਟਰ ਵਿਚਲੀ ਬਰਾਦਰੀ ਵਿੱਚ ਟੀਕੇ ਲਗਾਉਣ ਦਾ ਕੰਮ**

ਟੀਕੇ ਲਗਾਉਣ ਦੇ ਪਹਿਲੇ ਪੜਾਅ ਦੇ ਹਿੱਸੇ ਵਜੋਂ, ਸ਼ਹਿਰ ਨੂੰ ਬਰਾਦਰੀ ਦੇ ਆਧਾਰ ਉੱਤੇ ਟੀਕੇ ਲਗਾਉਣਾ ਸ਼ੁਰੂ ਕਰਨ ਲਈ ਅਜਿਹੇ ਕਿਸੇ ਖੇਤਰ ਦੀ ਪਛਾਣ ਕਰਨ ਲਈ ਕਿਹਾ ਗਿਆ ਸੀ, ਜਿੱਥੇ 80 ਸਾਲ ਜਾਂ ਵੱਡੀ ਉਮਰ ਦੇ ਲੋਕਾਂ ਦੀ ਜ਼ਿਆਦਾ ਸੰਖਿਆ ਹੈ, ਨਾਲ ਹੀ ਦੂਜੇ ਕਾਰਨ ਜੋ ਇਸ ਨਾਲ ਸਬੰਧਤ ਹਨ ਕਿ GP ਸਮੂਹ (ਪ੍ਰਾਥਮਿਕ ਦੇਖਭਾਲ ਨੈਟਵਰਕ) ਇਸ ਨੂੰ ਕਿਵੇਂ ਚਲਾ ਸਕਣਗੇ।

ਵਿਦਅਨਸ਼ਾਅ ਨੂੰ ਅਜਿਹੇ ਪਹਿਲੇ ਖੇਤਰ ਵਜੋਂ ਚੁਣਿਆ ਗਿਆ ਹੈ, ਜੋ ਬੁੱਧਵਾਰ 16 ਦਸੰਬਰ ਤੋਂ ਸ਼ੁਰੂਆਤ ਕਰੇਗਾ - ਅਤੇ ਇਸ ਮਗਰੋਂ ਛੇਤੀ ਹੀ ਹੋਰ ਖੇਤਰਾਂ ਦੀ ਵਾਰੀ ਆਏਗੀ।

ਵਿਦਅਨਸ਼ਾਅ ਲਈ ਪ੍ਰਸਤਾਵਿਤ ਥਾਂ ਵੁੱਡਹਾਊਸ ਪਾਰਕ ਲਾਈਫ਼ਸਟਾਈਲ ਸੇਂਟਰ ਹੈ।

ਜਿਹੜੇ ਲੋਕ ਟੀਕੇ ਲਗਾਉਣ ਲਈ ਪਾਤਰ ਬਣਦੇ ਹਨ, ਉਹਨਾਂ ਨੂੰ ਉਹਨਾਂ ਦੇ GP ਦੁਆਰਾ ਅਜਿਹੀ ਸਾਰੀ ਜਾਣਕਾਰੀ ਦੇ ਨਾਲ ਸੰਪਰਕ ਕੀਤਾ ਜਾਵੇਗਾ ਜੋ ਉਹਨਾਂ ਨੂੰ ਇਸ ਬਾਰੇ ਚਾਹੀਦੀ ਹੈ। ਪਾਤਰਤਾ ਲੋਕਾਂ ਦੇ 80 ਸਾਲ ਦੇ ਹੋ ਜਾਣ ਦੇ ਸਮੇਂ, ਹੋਰ ਚਿਕਿਤਸਾ ਸਬੰਧੀ ਸੋਚ-ਵਿਚਾਰ ਉੱਤੇ ਨਿਰਭਰ ਕਰੇਗੀ।

ਇੱਕ ਵਾਰ ਲੋਕਾਂ ਨੂੰ ਵੈਕਸੀਨ ਲਈ ਬੁਲਾ ਲਿਆ ਜਾਂਦਾ ਹੈ, ਤਾਂ ਉਹ ਪਹਿਲੀ ਖੁਰਾਕ ਪ੍ਰਾਪਤ ਕਰਨਗੇ ਅਤੇ ਫੇਰ 21 ਦਿਨਾਂ ਬਾਅਦ, ਉਹ ਦੂਜੀ ਖੁਰਾਕ ਲੈਣਗੇ।

ਇਹ ਕੋਵਿਡ ਦੇ ਨਾਲ ਸਾਡੇ ਲੜਣ ਦੇ ਤਰੀਕੇ ਦਾ ਵਾਕਈ ਇੱਕ ਮਹੱਤਵਪੂਰਨ ਕਦਮ ਹੈ, ਪਰ ਅਸੀਂ ਇਹ ਵੀ ਸਮਝਦੇ ਹਾਂ ਕਿ ਲੋਕਾਂ ਵਿੱਚ ਡਰ ਹੋ ਸਕਦਾ ਹੈ, ਇਸਲਈ ਡੇਵਿਡ ਰੇਗਾਨ ਨੇ ਹੇਠ ਲਿਖੇ ਸਵਾਲਾਂ ਦੇ ਜਵਾਬ ਦਿੱਤੇ ਹਨ ਜੋ ਬਰਾਦਰੀ ਸਮੂਹਾਂ ਦੁਆਰਾ ਸਾਡੇ ਤਕ ਵਾਪਸ ਪਹੁੰਚਾਏ ਗਏ ਹਨ:

**ਵੈਕਸੀਨ ਨੂੰ ਬਹੁਤ ਜਲਦੀ ਵਿਕਸਿਤ ਕੀਤਾ ਗਿਆ ਸੀ - ਸਾਨੂੰ ਕਿਵੇਂ ਪਤਾ ਲੱਗ ਸਕਦਾ ਹੈ ਕਿ ਇਹ ਸੁਰੱਖਿਅਤ ਹੈ?**

ਮੈਨੂੰ ਪੱਕਾ ਯਕੀਨ ਹੈ ਕਿ ਬਹੁਤ ਸਾਰੇ ਲੋਕ ਇਹ ਪੁੱਛਣਾ ਚਾਹੁਣਗੇ ਅਤੇ ਇਹ ਗੱਲ ਸਮਝ ਵੀ ਆਉਂਦੀ ਹੈ।

ਅਤੇ, ਹਾਂ ਵੈਕਸੀਨ ਨੂੰ ਤੇਜ਼ੀ ਨਾਲ ਪੂਰਾ ਕੀਤਾ ਗਿਆ ਹੈ -ਪਰ ਕਿਉਂਕਿ ਅਸੀਂ ਮਹਾਂਮਾਰੀ ਨਾਲ ਲੜ ਰਹੇ ਹਾਂ ਅਤੇ ਇਹ ਇਸ ਉੱਤੇ ਕੰਮ ਕਰ ਰਹੇ ਸਾਡੇ ਬਿਹਤਰੀਨ ਹੁਸ਼ਿਆਰ ਵਿਗਿਆਨਕਾਂ ਦੀ ਸਭ ਤੋਂ ਵੱਡੀ ਪਹਿਲ ਹੈ, ਅਤੇ ਇਸ ਪ੍ਰਤੀ ਸਮਰਪਿਤ ਹਨ।

ਵੈਕਸੀਨ ਕਈ ਮਹੀਨਿਆਂ ਦੀ ਤਕੜੀ ਜਾਂਚ ਵਿੱਚੋਂ ਲੰਘਿਆ ਹੈ ਅਤੇ ਇਹ ਸਿਰਫ਼ ਸਖ਼ਤ ਸੁਰੱਖਿਆ ਮਨਜ਼ੂਰੀਆਂ ਮਿਲਣ ਤੋਂ ਬਾਅਦ ਹੀ ਵਰਤਿਆ ਜਾਵੇਗਾ। ਇਸ ਵਿੱਚ MHRA, ਸਰਕਾਰੀ UK ਰੇਗੂਲੇਟਰ ਵਲੋਂ ਮਨਜ਼ੂਰੀ ਸ਼ਾਮਲ ਹੈ, ਜਿਵੇਂ ਹੋਰ ਸਾਰੀਆਂ ਦਵਾਈਆਂ ਅਤੇ ਡਿਵਾਈਸਾਂ ਲਈ ਹੁੰਦਾ ਹੈ।

ਮੈਂ ਇਸ ਨੂੰ ਲਗਵਾਉਣ ਜਾ ਰਿਹਾ/ਰਹੀ ਹਾਂ ਅਤੇ ਮੈਨੂੰ ਉਮੀਦ ਹੈ ਕਿ ਮੇਰਾ ਪਰਿਵਾਰ ਵੀ ਲਗਵਾਏਗਾ।

**ਕੀ ਇਹ ਤੁਹਾਡਾ DNA ਬਦਲਦਾ ਹੈ?**

ਨਹੀਂ, ਨਿਸ਼ਚਿਤ ਤੌਰ 'ਤੇ ਨਹੀਂ। ਕੋਵਿਡ ਵੈਕਸੀਨਾਂ ਦੀ ਸਮੱਗਰੀ ਸਾਡੀ ਆਨੁਵੰਸ਼ਕ ਸਮੱਗਰੀ ਵਿੱਚ ਕਿਤੇ ਵੀ ਨਹੀਂ ਜਾਂਦੀ ਅਤੇ ਇਸ ਵਿੱਚ ਇਸ ਨੂੰ ਜਾਂ ਸਾਨੂੰ ਬਦਲਣ ਦੀ ਬਿਲਕੁਲ ਵੀ ਸਮਰੱਥਾ ਨਹੀਂ ਹੈ।

**ਇਸ ਵਿੱਚ ਮਨੁੱਖੀ ਜਾਂ ਜਾਨਵਰਾਂ ਦੇ ਉਤਪਾਦ ਸ਼ਾਮਲ ਹੋਣ ਬਾਰੇ ਬਹੁਤ ਸਾਰੀਆਂ ਅਫ਼ਵਾਹਾਂ ਹਨ।**

ਨਹੀਂ, ਇਸ ਵਿੱਚ ਮਨੁੱਖੀ ਜਾਂ ਫੇਰ ਜਾਨਵਰਾਂ ਦੇ ਉਤਪਾਦ ਨਹੀਂ ਹਨ (ਇਸਲਈ, ਕੋਈ ਪੋਰਸੀਨ ਸਮੱਗਰੀ ਵੀ ਨਹੀਂ)।

**ਮੈਂ ਸੁਣਿਆ ਹੈ ਕਿ ਤੁਹਾਨੂੰ ਫਲੂ ਜੈਬ ਤੋਂ ਫਲੂ ਹੋ ਸਕਦਾ ਹੈ - ਕੀ ਤੁਹਾਨੂੰ ਇਸ ਟੀਕਾਕਰਨ ਤੋਂ ਕੋਵਿਡ ਹੋ ਸਕਦਾ ਹੈ?**

ਪਹਿਲੇ ਫਲੂ ਬਾਰੇ ਗੱਲ ਕਰਦਿਆਂ: ਸਾਡੇ ਦੇਸ਼ ਵਿੱਚ ਵਰਤੇ ਗਏ ਫਲੂ ਦੇ ਟੀਕਾਕਰਨ ਵਿੱਚ ਕੋਈ ਜ਼ਿੰਦਾ ਵਾਇਰਸ ਨਹੀਂ ਹੈ, ਇਸ ਨਾਲ ਕਿਸੇ ਨੂੰ ਫਲੂ ਨਹੀਂ ਹੁੰਦਾ- ਅਤੇ ਹੋ ਵੀ ਨਹੀਂ ਸਕਦਾ।

ਜੇ ਲੋਕ ਇੱਕ ਫਲੂ ਜੈਬ ਤੋਂ ਬਾਅਦ ਮੌਸਮ ਦੇ ਤਹਿਤ ਥੋੜ੍ਹਾ-ਬਹੁਤ ਮਹਿਸੂਸ ਕਰਦੇ ਹਨ ਤਾਂ ਇਸਦਾ ਕਾਰਨ ਇਹ ਹੈ ਕਿ ਉਹਨਾਂ ਦੀ ਆਪਣੀ ਪ੍ਰਤੀਰੱਖਿਆ ਪ੍ਰਣਾਲੀ ਟੀਕਾ ਲਗਵਾਉਣ ਤੋਂ ਬਾਅਦ ਪ੍ਰਭਾਵੀ ਹੋ ਰਹੀ ਹੈ। ਕਈ ਵਾਰ, ਜੇ ਲੋਕਾਂ ਨੂੰ ਉਸੇ ਸਮੇਂ ਜ਼ੁਕਾਮ ਹੁੰਦਾ ਹੈ ਤਾਂ ਉਹ ਸੋਚਦੇ ਹਨ ਕਿ ਇਹ ਟੀਕਾ ਲਗਾਉਣ ਕਰਕੇ ਹੋਇਆ ਹੈ, ਤਾਂ ਇਹ ਸੱਚ ਨਹੀਂ ਹੈ - ਬਲਕਿ ਬਸ ਸੰਜੋਗ ਹੈ।

ਕੋਵਿਡ ਦੇ ਟੀਕੇ ਵਿੱਚ ਅਸਲੀ ਵਾਇਰਸ ਨਹੀਂ ਹੈ, ਇਸਲਈ ਇਸ ਤੋਂ ਬੀਮਾਰੀ ਲੱਗਣਾ ਸਰੀਰਕ ਤੌਰ 'ਤੇ ਨਾਮੁਮਕਿਨ ਹੈ।

**ਜੇ ਮੈਨੂੰ ਪਹਿਲਾਂ ਤੋਂ ਹੀ ਕੋਵਿਡ ਹੋਵੇ ਤਾਂ ਕੀ ਹੋਵੇਗਾ– ਕੀ ਟੀਕਾ ਲਗਵਾਉਣਾ ਮੇਰੇ ਲਈ ਕੰਮ ਕਰੇਗਾ?**

ਭਾਵੇਂ ਜੇ ਤੁਹਾਨੂੰ ਕੋਵਿਡ ਹੁੰਦਾ ਵੀ ਹੈ, ਅਤੇ ਟੀਕਾ ਲਗਵਾਉਣ ਲਈ ਪਾਤਰ ਸੀ, ਤਾਂ ਇਸ ਨੂੰ ਲਗਵਾਉਣਾ ਇੱਕ ਵਧੀਆ ਵਿਚਾਰ ਹੋਵੇਗਾ। ਇਸਦਾ ਕਾਰਨ ਹੈ ਕਿ ਸਾਨੂੰ ਹਾਲੇ ਤਕ ਇਹ ਨਹੀਂ ਪਤਾ ਕਿ ਪ੍ਰਤੀਰੱਖਿਆ ਕਿੰਨੀ ਦੇਰ ਤਕ ਰਹਿੰਦੀ ਹੈ। ਜੈਬ ਨੂੰ ਪ੍ਰਾਪਤ ਕਰਨਾ ਇਹ ਯਕੀਨੀ ਬਣਾਏਗਾ ਕਿ ਤੁਹਾਡੀ ਪ੍ਰਤੀਰੱਖਿਆ ਵੱਧ ਤੋਂ ਵੱਧ ਸੰਭਵ ਹੋਣ ਵਜੋਂ ਤਾਕਤਵਰ ਹੈ।

**ਕੀ ਮੈਨੂੰ ਟੀਕਾ ਲਗਵਾਉਣ ਲਈ ਮਜਬੂਰ ਕੀਤਾ ਜਾਵੇਗਾ?**

ਨਹੀਂ, ਤੁਹਾਨੂੰ ਮਜਬੂਰ ਨਹੀਂ ਕੀਤਾ ਜਾਵੇਗਾ, ਇਹ ਚੋਣਵਾਂ ਹੈ। ਜੇ ਤੁਸੀਂ ਇਹ ਨਾ ਲਗਵਾਉਣ ਦਾ ਫੈਸਲਾ ਲੈਂਦੇ ਹੋ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਨੂੰ ਵਾਇਰਸ ਦਾ ਅਤੇ ਇਸ ਨੂੰ ਫੈਲਾਉਣ ਦਾ ਉੱਚ ਜੋਖਮ ਹੈ।

**ਮੈਂ ਸੁਣਿਆ ਹੈ ਕਿ ਵੈਕਸੀਨ ਦੇ ਪਰੀਖਣਾਂ ਨੇ ਨਸਲੀ ਅਲਪ-ਸੰਖਿਅਕ ਪਿਛੋਕੜ ਦੇ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਸੀ - ਕੀ ਇਹ ਸੱਚ ਹੈ?**

ਨਹੀਂ, ਪਰੀਖਣਾਂ ਨੇ ਨਸਲੀ ਅਲਪ-ਸੰਖਿਅਕ ਪਿਛੋਕੜ ਦੇ ਲੋਕਾਂ ਨੂੰ ਸ਼ਾਮਲ ਕੀਤਾ ਸੀ। ਵੈਕਸੀਨ ਦੇ ਨਿਰਮਾਤਾਵਾਂ ਨੇ ਹਾਲ ਹੀ ਵਿੱਚ ਹੋਰ ਸਵੈਸੇਵਕਾਂ ਨੂੰ ਬੁਲਾਇਆ ਹੈ ਤਾਂ ਜੋ ਅਧਿਐਨ ਅਸੁਰੱਖਿਅਤ ਸਮੂਹਾਂ ਨਾਲ ਮੇਲ ਖਾ ਸਕੇ - ਜਿਵੇਂ ਉਹਨਾਂ ਨੇ 65 ਸਾਲ ਤੋਂ ਵੱਡੀ ਉਮਰ ਦੇ ਲੋਕਾਂ ਨਾਲ ਵੀ ਕੀਤਾ ਸੀ।

**ਕੀ ਮੈਨੂੰ ਫਲੂ ਅਤੇ ਕੋਵਿਡ ਦੇ ਵੈਕਸੀਨ ਪ੍ਰਾਪਤ ਕਰਨ ਦੇ ਵਿਚਕਾਰ ਕੁਝ ਸਮਾਂ ਛੱਡਣਾ ਚਾਹੀਦਾ ਹੈ?**

ਅਸੀਂ ਲੋਕਾਂ ਨੂੰ ਛੇਤੀ ਤੋਂ ਛੇਤੀ ਆਪਣਾ ਫਲੂ ਦਾ ਟੀਕਾ ਲਗਵਾਉਣ ਲਈ ਵੀ ਹੱਲਾਸ਼ੇਰੀ ਦੇ ਰਹੇ ਹਾਂ। ਫਲੂ ਦਾ ਵੈਕਸੀਨ ਮਹੱਤਵਪੂਰਨ ਹੈ ਕਿਉਂਕਿ ਜੇ ਤੁਹਾਨੂੰ ਕੋਰੋਨਾਵਾਇਰਸ ਤੋਂ ਉੱਚ ਜੋਖਮ ਹੁੰਦਾ ਹੈ, ਤਾਂ ਤੁਹਾਨੂੰ ਫਲੂ ਤੋਂ ਵੀ ਸਮੱਸਿਆਵਾਂ ਹੋਣ ਦਾ ਜ਼ਿਆਦਾ ਜੋਖਮ ਹੁੰਦਾ ਹੈ। ਖੋਜ ਤੋਂ ਪਤਾ ਲੱਗਦਾ ਹੈ ਕਿ ਲੋਕਾਂ ਨੂੰ ਗੰਭੀਰ ਅਤੇ ਸੰਭਾਵੀ ਤੌਰ 'ਤੇ ਗੰਭੀਰ ਪਰਿਣਾਮਾਂ ਦੇ ਨਾਲ, ਇੱਕੋ ਸਮੇਂ 'ਤੇ ਦੋਵੇਂ ਬੀਮਾਰੀਆਂ ਹੋ ਸਕਦੀਆਂ ਹਨ।

ਲੋਕਾਂ ਨੂੰ ਇੱਕ ਫਲੂ ਅਤੇ ਇੱਕ ਕੋਵਿਡ ਵੈਕਸੀਨ ਦੇ ਵਿਚਕਾਰ ਘੱਟੋ-ਘੱਟ 7 ਦਿਨ ਵੀ ਜ਼ਰੂਰ ਛੱਡਣੇ ਚਾਹੀਦੇ ਹਨ।